IJCRT.ORG ISSN : 2320-2882
INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਪੰਜਾਬੀ ਨਾਰੀ ਨਾਟਕਕਾਰ ਅਤੇ ਨਾਟ-ਰੂਪ ।

ਡਾ. ਬਲਦੇਵ ਸਿੰਘ ,ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ) ਯੂਨੀਵਰਸਿਟੀ ਕਾਲਜ, ਬਹਾਦਰਪੁਰ (ਮਾਨਸਾ) ਡਾ.ਬੀਰਦਵਿੰਦਰ ਕੌਰ ,ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ) ਸ. ਬਲਰਾਜ ਸਿੰਘ ਭੂੰਦੜ ਮੈਮੋਰੀਅਲ ਯੂਨੀਵਰਸਿਟੀ ਕਾਲਜ, ਸਰਦੂਲਗੜ (ਮਾਨਸਾ)

Abstrac: ਆਪਣੇ ਨਾਟਕ ਦਾ ਸਰੂਪ ਘੜਨ ਲੱਗਿਆਂ ਕੋਈ ਵੀ ਨਾਟਕਕਾਰ ਵੱਖ ਵੱਖ ਕਿਹੜੀਆਂ ਕਿਹੜੀਆਂ ਪ੍ਰਗਟਾ ਜੁਗਤਾ ਅਪਨਾਉਂਦਾ ਹੈ ਭਾਵ ਆਪਣੇ ਨਾਟਕ ਦੀ ਉਸਾਰੀ ਲਈ ਨਾਟ ਸ਼ਿਲਪ ਦੇ ਵੱਖ-ਵੱਖ ਤੱਤਾਂ ਨੂੰ ਪ੍ਰਯੋਗ ਕਰਕੇ ਆਪਣੇ ਨਾਟਕ ਨੂੰ ਸੁਚੱਜੇ ਰੂਪ ਵਿੱਚ ਢਾਲਦਾ ਹੈ ਨਾਟਕ ਦੀ ਰੂਪ ਉਸਾਰੀ ਵਿੱਚ ਪ੍ਰਗਟਾ ਜੁਗਤਾ ਵਿਸ਼ੇਸ਼ ਅਰਥ ਗ੍ਰਹਿਣ ਕਰਦੀਆਂ ਹਨ ਪੰਜਾਬੀ ਨਾਰੀ ਨਾਟਕਕਾਰਾਂ ਨੇ ਆਪਣੇ ਨਾਟਕ ਦੀ ਰਚਨਾ ਲਈ ਵੱਖ-ਵੱਖ ਨਾਟ ਰੂਪ ਅਪਣਾਏ ਹਨ ਇਸ ਪੱਖੋਂ ਪੂਰਾ ਨਾਟਕ ਇਕਾਂਗੀ ਨਾਟਕ ਬਾਲ ਨਾਟਕ ਲਘੂ ਨਾਟਕ ਨੁਕੜ ਨਾਟਕਪੇਰਾ ਨਾਟਕ ਕਾਵ ਨਾਟਕ ਟੀਵੀ ਨਾਟਕ ਨਿੱਕਾ ਨਾਟਕ ਆਦਿ ਨਾਟ ਰੂਪ ਮਹੱਤਵ ਗ੍ਰਹਿਣ ਕਰਦੇ ਹਨ

Keyword : ਨਾਟਕ, ਪੰਜਾਬੀ ਭਾਸਾ, ਰੰਗਮੰਚ,ਨਾਟਕਕਾਰ, ਨਾਰੀ, ਨਾਟ-ਰੂਪ,ਨਾਟ-ਵਸਤੂ, ਸ਼ੈਲੀਆਂ, ਨੁੱਕੜ ਨਾਟਕ, ਪੂਰਾ ਨਾਟਕ ।

ਪੰਜਾਬੀ ਨਾਰੀ ਨਾਟਕਕਾਰਾਂ ਦੁਆਰਾ ਅਪਣਾਏ ਨਾਟ-ਰੂਪਾਂ ਤੇ ਵਿਚਾਰ ਕਰਨ ਸਮੇਂ ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਕਿਸੇ ਵੀ ਸਾਹਿਤਕ ਰਚਨਾ ਵਿੱਚ ਵਸਤੂ ਦੇ ਨਾਲ-ਨਾਲ ਰੂਪ ਦਾ ਇੱਕ ਵਿਸ਼ੇਸ਼ ਮਹੱਤਵ ਹੁੰਦਾ ਹੈ। ਆਪਣੇ ਨਾਟਕ ਦਾ ਸਰੂਪ ਘੜਨ ਲੱਗਿਆਂ ਕੋਈ ਵੀ ਨਾਟਕਕਾਰ ਵੱਖ-ਵੱਖ ਕਿਹੜੀਆਂ-ਕਿਹੜੀਆਂ ਪ੍ਰਗਟਾ ਜੁਗਤਾਂ ਅਪਨਾਉਂਦਾ ਹੈ, ਭਾਵ ਆਪਣੇ ਨਾਟਕ ਦੀ ਉਸਾਰੀ ਲਈ ਨਾਟ-ਸ਼ਿਲਪ ਦੇ ਵੱਖ-ਵੱਖ ਤੱਤਾਂ ਨੂੰ ਪ੍ਰਯੋਗ ਕਰ ਕੇ ਆਪਣੇ ਨਾਟਕ ਨੂੰ ਸੁਚੱਜੇ ਰੂਪ ਵਿੱਚ ਢਾਲਦਾ ਹੈ। ਨਾਟਕ ਦੀ ਰੂਪ-ਉਸਾਰੀ ਵਿੱਚ ਪ੍ਰਗਟਾਅ ਜੁਗਤਾ ਵਿਸ਼ੇਸ਼ ਅਰਥ ਗ੍ਰਹਿਣ ਕਰਦੀਆਂ ਹਨ। ਪੰਜਾਬੀ ਨਾਰੀ ਨਾਟਕਕਾਰਾਂ ਨੇ ਆਪਣੇ ਨਾਟਕਾਂ ਦੀ ਰਚਨਾ ਲਈ ਵੱਖ-ਵੱਖ ਨਾਟ-ਰੂਪ ਅਪਣਾਏ ਹਨ। ਇਸ ਪੱਖੋਂ ਪੂਰਾ ਨਾਟਕ, ਇਕਾਂਗੀ ਨਾਟਕ, ਬਾਲ ਨਾਟਕ, ਲਘੂ ਨਾਟਕ, ਨੁੱਕੜ ਨਾਟਕ, ਓਪੇਰਾ ਨਾਟਕ, ਕਾਵਿ-ਨਾਟਕ, ਟੀ.ਵੀ. ਨਾਟਕ, ਨਿੱਕਾ ਨਾਟਕ ਆਦਿ ਨਾਟ-ਰੂਪ ਮਹੱਤਵ ਗ੍ਰਹਿਣ ਕਰਦੇ ਹਨ।

ਪੰਜਾਬੀ ਨਾਰੀ ਨਾਟਕਕਾਰਾਂ ਨੇ ਆਪਣੀ ਨਾਟਕਕਾਰੀ ਸਮੇਂ ਨਾਟ-ਰੂਪ ਦੀ ਚੋਣ ਕਰਨ ਸਮਾਂ ਨਾਟ-ਰੂਪਾਂ ਦੀ ਵਿਭਿੰਨਤਾ ਨੂੰ ਸਾਹਮਣੇ ਰੱਖਿਆ ਹੈ। ਇਸ ਦ੍ਰਿਸ਼ਟੀ ਤੋਂ ਇਹ ਵੇਖਣਾ ਬਣਦਾ ਹੈ। ਪੰਜਾਬੀ ਨਾਰੀ ਨਾਟਕਕਾਰਾਂ ਨੇ, ਕਿਹੜੇ-ਕਿਹੜੇ ਨਾਟ-ਰੂਪ ਚੁਣੇ ਹਨ। ਇਸ ਦ੍ਰਿਸ਼ਟੀ ਤੋਂ ਸਭ ਤੋਂ ਅਹਿਮ ਪੱਖ ਇਹ ਹੈ ਕਿ ਪਹਿਲੀ ਪੰਜਾਬੀ ਨਾਰੀ ਨਾਟਕਕਾਰ ਵਜੋਂ ਸਵੀਕਾਰਨ ਯੋਗ ਸਤਵੰਤ ਕੌਰ ਡੀਗਾਂ ਨੇ ਬਾਲ ਨਾਟ-ਰੂਪ ਤੋਂ ਸ਼ੁਰੂਆਤ ਕੀਤੀ ਅਤੇ ਬਾਅਦ ਵਿੱਚ ਬਹੁਤ ਸਾਰੇ ਨਾਰੀ ਨਾਟਕਕਾਰ ਬਾਲ ਨਾਟਕ ਦੇ ਰਚਨਹਾਰਿਆਂ ਵਜੋਂ ਸਾਹਮਣੇ ਆਉਦੇਂ ਹਨ। ਇਸ ਦਾ ਵੱਡਾ ਕਾਰਨ ਨਾਰੀ ਨਾਟਕਕਾਰਾਂ ਦਾ ਵੱਡੀ ਗਿਣਤੀ ਚ ਅਧਿਆਪਕ ਹੋਣਾ ਵੀ ਹੋ ਸਕਦਾ ਹੈ। ਕਿਉਂਕਿ ਉਨ੍ਹਾਂ ਨੇ ਆਪਣੇ ਵਿਦਿਆਰਥੀਆਂ ਲਈ ਨਾਟਕ ਰਚੇ ਹੋਣਗੇ। ਜਿਨ੍ਹਾਂ ਲਈ ਢੁੱਕਵਾਂ ਰੂਪ ਬਾਲ ਨਾਟਕ ਹੀ ਬਣਦਾ ਸੀ।

## 1.ਬਾਲ ਨਾਟਕ :-

ਪੰਜਾਬੀ ਨਾਰੀ ਨਾਟਕਕਾਰਾਂ ਦੀ ਪਹਿਲੀ ਪੀੜ੍ਹੀ ਨੇ ਜੋ ਸਭ ਤੋਂ ਪਹਿਲਾਂ ਨਾਟਕ ਲਿਖਿਆ। ਉਸ ਨੂੰ ਬਾਲ ਨਾਟਕ ਮੰਨਿਆ ਜਾਂਦਾ ਹੈ। 1913 ਤੋਂ ਆਰੰਭ ਹੁੰਦੀ ਪੰਜਾਬੀ ਨਾਟਕ ਦੀ ਪਹਿਲੀ ਪੀੜ੍ਹੀ ਦੇ ਸਮਵਿੱਥ ਨਾਟਕਕਾਰ ਸਤਵੰਤ ਕੌਰ ਡੀਗਾਂ ਦੁਆਰਾ ਰਚਿਤ ਨਾਟਕ 'ਦਿਆਨਤਦਾਰੀ' ਅਤੇ 'ਮਨ ਨੂੰ ਸਜ਼ਾ' 1934 ਵਿੱਚ 'ਬਾਲਕ' ਮੈਗਜ਼ੀਨ ਵਿੱਚ ਪ੍ਰਕਾਸ਼ਿਤ ਹੁੰਦੇ ਹਨ। ਜਿਸ ਤੋਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੰਜਾਬੀ ਨਾਰੀ ਨਾਟਕਕਾਰਾਂ ਦੁਆਰਾ ਨਾਟ-ਰਚਨਾ ਦਾ ਆਰੰਭ ਬਾਲ ਨਾਟਕ ਰੂਪ ਰਾਹੀਂ ਹੋਇਆ ਹੈ। ਬਾਲ ਨਾਟਕ ਨੂੰ ਨਾਟ-ਰੂਪ ਵਜੋਂ ਸਿਰਫ਼ ਨਾਟਕਕਾਰ ਸਤਵੰਤ ਕੌਰ ਡੀਗਾਂ ਨੇ ਹੀ ਨਹੀਂ ਅਪਣਾਇਆ ਹੈ। ਸਗੋਂ 1947 ਤੋਂ ਆਰੰਭ ਹੁੰਦੀ ਦੂਜੀ ਪੀੜ੍ਹੀ ਵਿੱਚ ਸਨੇਹਲਤਾ ਸਾਨਿਆਲ ਨੇ 'ਬਾਂਦਰ ਦਾ ਵਿਆਹ 'ਬਾਲ ਨਾਟਕ ਲਿਖਿਆ ਹੈ, ਜੋ 'ਬਾਲਕ'

ਮੈਗਜ਼ੀਨ ਵਿੱਚ ਛਪਿਆ ਮਿਲਦਾ ਹੈ। ਇਸੇ ਪ੍ਰਕਾਰ ਤੀਜੀ ਪੀੜ੍ਹੀ ਦੌਰਾਨ ਸੰਤੋਸ਼ ਸਾਹਨੀ ਦੁਆਰਾ 'ਬਗਲਾ ਭਗਤ', 'ਕੁਰਬਾਨੀ' ਬਾਲ ਨਾਟਕ 'ਬਾਲ ਸੰਦੇਸ਼' ਮੈਗਜ਼ੀਨ ਵਿੱਚ ਛਪਦੇ ਹਨ। ਨਾਟਕਕਾਰ ਰਮਾ ਰਤਨ ਦੁਆਰਾ 'ਚੂਹੇ ਦੀ ਟੋਪੀ', 'ਹਾਏ ਉਏ ਤਾਂਬਾ', 'ਪੂਰਨ ਭਗਤ', 'ਅੱਜ ਦਾ ਰਾਵਣ' ਆਦਿ ਬਾਲ ਨਾਟਕਾਂ ਦੀ ਰਚਨਾ ਕੀਤੀ ਜਾਂਦੀ ਹੈ। ਇਸੇ ਕੜੀ ਵਿੱਚ 1990 ਤੋਂ ਆਰੰਭ ਹੁੰਦੀ ਚੌਥੀ ਪੀੜ੍ਹੀ ਵਿੱਚ ਸਵਰਨਜੀਤ ਕੌਰ ਵਾਲੀਆ ਦੁਆਰਾ ਰਚਿਤ ਬਾਲ ਨਾਟਕਾਂ ਦੀ ਪੁਸਤਕ 'ਨਿੱਕੇ-ਨਿੱਕੇ ਕਦਮ'(2000) ਛਪਦੀ ਹੈ। ਨਾਟਕਕਾਰ ਪ੍ਰਭਜੋਤ ਕੌਰ ਕੁਲਕਰਨੀ 'ਚਾਨਣ ਹੋਇਆ' ਅਤੇ ਹੋਰ ਬਾਲ ਨਾਟਕ'(2006) ਪੁਸਤਕ ਰਾਹੀਂ ਬਾਲ ਨਾਟ-ਰੂਪ ਦੀ ਵਿਧਾ ਨੂੰ ਅਪਣਾਉਂਦੀ ਹੋਈ, ਪੰਜਾਬੀ ਨਾਟਕ ਦੇ ਇਸ ਨਾਟ-ਰੂਪ ਦੀਆਂ ਅਗਲੇਰੀਆਂ ਸੰਭਾਵਨਾਵਾਂ ਪੈਦਾ ਕਰਦੀ ਹੈ। ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਰੀ ਨਾਟਕਕਾਰਾਂ ਦੀ ਰਚਨਾਕਾਰੀ ਦਾ ਆਗਾਜ਼ ਬਾਲ ਨਾਟ-ਰੂਪ ਰਾਹੀਂ ਹੁੰਦਾ ਹੈ। ਨਾਰੀ ਨਾਟਕਕਾਰਾਂ ਨੇ ਬਾਲ ਨਾਟਕ ਤੋਂ ਇਲਾਵਾ ਸਭ ਤੋਂ ਵੱਡੀ ਗਿਣਤੀ ਵਿੱਚ ਪੂਰੇ ਨਾਟਕ ਤੇ ਇਕਾਂਗੀ ਨੂੰ ਅਪਣਇਆ ਹੈ।

2. ਪੂਰਾ ਨਾਟਕ /ਇਕਾਂਗੀ :-

ਬਾਲ ਨਾਟਕ ਤੋਂ ਇਲਾਵਾ ਪੰਜਾਬੀ ਨਾਰੀ ਨਾਟਕਕਾਰਾਂ ਨੇ ਪੰਜਾਬੀ ਨਾਟਕ ਦੀ ਮੁੱਖ ਧਾਰਾ ਪੂਰੇ ਨਾਟਕ ਅਤੇ ਇਕਾਂਗੀ ਨਾਟਕ ਰੂਪ ਨੂੰ ਅਪਣਾਇਆ ਹੈ। ਪੰਜਾਬੀ ਨਾਰੀ ਨਾਟਕਕਾਰਾਂ ਦੇ ਜਿਆਦਾ ਨਾਟਕ ਇਕਾਂਗੀ ਨਾਟ ਰੂਪ ਵਿੱਚ ਹਨ। ਪੰਜਾਬੀ ਨਾਟਕ ਦੇ ਵਿਕਾਸ ਦੌਰਾਨ ਜੋ ਨਾਰੀ ਨਾਟਕਕਾਰ ਅਗਰਭੂਮੀ ਵਿੱਚ ਆਉਂਦੇ ਹਨ। ਉਹਨਾਂ ਵਿੱਚ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦੀ ਨਾਟਕਕਾਰ ਅਵਤਾਰ ਕੌਰ ਜਵੰਧਾ ਆਪਣੇ ਪਲੇਠੇ ਨਾਟਕ 'ਚੜ੍ਹਦਾ ਸੂਰਜ' (1983) ਰਾਹੀਂ ਪ੍ਰਵੇਸ਼ ਕਰਦੀ ਹੈ। ਉਸ ਤੋਂ ਬਾਅਦ ਉਸ ਨੇ ਲਗਾਤਾਰ ਪੂਰੇ ਨਾਟਕ ਲਿਖੇ ਹਨ। ਇਕਾਂਗੀ ਨਾਟਕ ਅਵਤਾਰ ਕੌਰ ਜਵੰਧਾ ਤੋਂ ਇਲਾਵਾ ਲਗਪਗ ਸਾਰੇ ਨਾਰੀ ਨਾਟਕਕਾਰਾਂ ਨੇ ਇਕਾਂਗੀ ਅਤੇ ਪੂਰੇ ਨਾਟਕ ਨਾਟ-ਰੂਪ ਵਿੱਚ ਆਪਣੀਆਂ ਰਚਨਾਵਾਂ ਨੂੰ ਸਾਕਾਰ ਕੀਤਾ ਹੈ। ਇਸ ਪੱਖੋਂ ਪੰਜਾਬੀ ਨਾਰੀ ਨਾਟਕਕਾਰਾਂ ਵਿੱਚੋਂ ਅਵਤਾਰ ਕੌਰ ਜਵੰਧਾ, ਰਾਜਵੰਤ ਕੌਰ ਮਾਨ, ਸਿਮਰਜੀਤ ਗਿੱਲ ਆਦਿ ਨੇ ਪੂਰੇ ਨਾਟਕਾਂ ਦੀ ਰਚਨਾ ਕੀਤੀ ਹੈ ਅਤੇ ਜਗਜੀਤ ਕੌਰ ਰੰਧਾਵਾ, ਨਵਨਿੰਦਰਾ ਘੁੰਮਣ ਬਹਿਲ, ਦਵਿੰਦਰ ਕੌਰ, ਪਰਮ ਜਸਪਾਲ ਮਾਨ, ਪਰਮਿੰਦਰ ਕੌਰ ਸਵੈਚ ਆਦਿ ਨੇ ਇਕਾਂਗੀ ਰਚਾਨਵਾਂ ਤੇ ਵਧੇਰੇ ਧਿਆਨ ਕੇਂਦਰਿਤ ਕੀਤਾ ਹੈ।

3. ਓਪੇਰਾ ਨਾਟਕ :-

ਨਵੇਂ ਨਾਟ-ਰੂਪ ਓਪੇਰਾ ਦੇ ਆਰੰਭ ਦਾ ਸਿਹਰਾ ਪੰਜਾਬੀ ਨਾਰੀ ਨਾਟਕਕਾਰਾਂ ਦੇ ਨਾਮ ਬੱਝਦਾ ਹੈ। ਇਸ ਦ੍ਰਿਸ਼ਟੀ ਤੋਂ ਸ਼ੀਲਾ ਭਾਟੀਆ ਨੂੰ ਪੰਜਾਬੀ ਓਪੇਰੇ ਨਾਟਕ ਦੀ ਮੋਢੀ ਮੰਨਿਆ ਜਾਂਦਾ ਹੈ। ਉਸ ਨੇ ਇਸ ਨਾਟ-ਰੂਪ ਦਾ ਆਰੰਭ ਕਰਦਿਆਂ ਪਹਿਲਾਂ ਗੀਤ ਲੜੀਆਂ ਰਚੀਆਂ ਅਤੇ ਇਸ ਉਪਰੰਤ ਇਹ ਗੀਤ ਲੜੀਆਂ ਪੂਰੇ ਸੂਰੇ ਉਪੇਰਾ ਨਾਟਕ ਵਿੱਚ ਢਲਣ ਲੱਗਿਆ। ਇਸ ਲਈ ਨਵੇਂ ਨਾਟ-ਰੂਪ ਓਪੇਰਾ ਦੀ ਸਿਰਜਕ ਵਜੋਂ ਪੰਜਾਬੀ ਨਾਟ-ਜਗਤ ਨੂੰ ਸ਼ੀਲਾ ਭਾਟੀਆ ਦੀ ਦੇਣ ਇਸ ਪੱਖੋਂ ਵਧੇਰੇ ਹੈ। ਪੰਜਾਬੀ ਨਾਟ-ਰੂਪ ਓਪੇਰਾ ਦੀ ਸਿਰਜਕ ਸ਼ੀਲਾ ਭਾਟੀਆ ਦੁਆਰਾ ਰਚਿਤ 14 ਓਪੇਰੇ ਨਾਟਕ ਹੱਥ ਲਿਖਤ ਰੂਪ ਵਿੱਚ ਮਿਲਦੇ ਹਨ। ਜਿਨ੍ਹਾਂ ਨੂੰ ਉਸ ਨੇ ਲੋਕ ਧੁਨਾਂ ਅਤੇ ਲੋਕ ਗੀਤਾਂ ਦੀ ਪੁੱਠ ਚਾੜ੍ਹ ਕੇ ਆਧੁਨਿਕ ਨਾਟਕੀ ਰਚਨਾ ਬਣਾਇਆ ਹੈ।ਇਸੇ ਕਾਰਨ ਸ਼ੀਲਾ ਭਾਟੀਆ ਰਾਹੀਂ ਪੰਜਾਬੀ ਨਾਟ ਜਗਤ ਵਿੱਚ ਓਪੇਰਾ ਨਾਟ-ਰੂਪ ਦਾ ਆਗਾਜ਼ ਸੰਭਵ ਹੋ ਸਕਿਆ ਹੈ। ਸ਼ੀਲਾ ਭਾਟੀਆ ਤੋਂ ਇਲਾਵਾ ਹੋਰ ਕਿਸੇ ਵੀ ਨਾਰੀ ਨਾਟਕਕਾਰ ਨੇ ਨਾਟ-ਰੂਪ ਓਪੇਰਾ ਨੂੰ ਆਪਣੀ ਸਿਰਜਣਾ ਦਾ ਆਧਾਰ ਨਹੀਂ ਬਣਾਇਆ ਹੈ।

ਨਵੇਂ ਨਾਟਕਕਾਰਾਂ ਵਿੱਚੋਂ ਕੁਲਦੀਪ ਸਿੰਘ ਦੀਪ ਨੇ ਇਸ ਨਾਟ-ਰੂਪ ਨੂੰ ਅਪਣਾਇਆ ਹੈ। ਇਸ ਪਿੱਛੇ ਸ਼ੀਲਾ ਭਾਟੀਆ ਦੀ ਮੂਕ ਪ੍ਰੇਰਨਾ ਵੀ ਹੋ ਸਕਦੀ ਹੈ। ਕਿਉਂਕਿ ਕੁਲਦੀਪ ਸਿੰਘ ਦੀਪ ਨੇ ਪੰਜਾਬੀ ਓਪੇਰਾ 'ਤੇ ਡਾ.ਸਤੀਸ਼ ਕੁਮਾਰ ਵਰਮਾ ਦੀ ਨਿਗਰਾਨੀ ਵਿੱਚ ਪੀ.ਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ ਹੈ।

ਸ਼ੀਲਾ ਭਾਟੀਆ ਤੋਂ ਇਲਾਵਾ ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਜਗਦੀਸ਼ ਫਰਿਆਦੀ, ਹਰਨਾਮ ਸਿੰਘ ਨਰੂਲਾ, ਮੱਲ ਸਿੰਘ ਰਾਮਪੁਰੀ ਆਦਿ ਰੰਗਕਰਮੀਆਂ ਨੇ ਓਪੇਰਾ ਨਾਟਕ ਦੇ ਵਿਕਾਸ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਹੈ।

4. ਕਾਵਿ-ਨਾਟਕ :-

ਪੰਜਾਬੀ ਨਾਰੀ ਨਾਟਕਕਾਰਾਂ ਵਿੱਚੋਂ ਕਾਵਿ-ਨਾਟਕ ਲਿਖਣ ਵਾਲੀ ਪਹਿਲੀ ਨਾਰੀ ਨਾਟਕਕਾਰ ਦੇ ਤੌਰ 'ਤੇ ਡਾ.ਮਨਜੀਤਪਾਲ ਕੌਰ ਨੇ ਆਪਣੀ ਪਛਾਣ ਬਣਾਈ ਹੈ। ਉਸ ਨੇ ਆਪਣੇ ਮਨੋ ਭਾਵਾਂ ਨੂੰ ਆਵਾਜ਼ ਦਿੰਦਿਆਂ ਕਵਿਤਾ ਅਤੇ ਨਾਟਕੀ ਤੱਤ ਦੇ ਸੁਮੇਲ ਨਾਲ ਹੀ ਆਪਣੇ ਨਾਟਕਾਂ ਦੀ ਕਾਵਿ-ਨਾਟਕ ਦੇ ਰੂਪ ਵਿੱਚ ਰਚਨਾ ਕੀਤੀ ਹੈ ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਡਾ. ਮਨਜੀਤਪਾਲ ਕੌਰ ਮੂਲ ਰੂਪ ਵਿੱਚ ਇੱਕ ਕਵਿੱਤਰੀ ਹੈ। ਕਿਉਂਕਿ ਪੁਰਾਤਨ ਕਾਲ ਤੋਂ ਕਵਿਤਾ ਅਤੇ ਨਾਟਕ ਅਨਿੱਖੜ ਹਨ। ਇਸ ਲਈ ਮਹਾਨ ਕਵਿਤਾ ਸਦਾ ਹੀ ਨਾਟਕੀ ਹੁੰਦੀ ਹੈ ਅਤੇ ਮਹਾਂ-ਨਾਟਕ ਸਦਾ ਹੀ ਕਾਵਿਕ ਹੁੰਦਾ ਹੈ।

ਇਸੇ ਪ੍ਰਸੰਗ ਵਿੱਚ ਡਾ.ਮਨਜੀਤਪਾਲ ਕੌਰ ਕਾਵਿ-ਨਾਟਕ 'ਸਾਹਿਬਾਂ', 'ਸੁੰਦਰਾਂ', 'ਬੰਧਨ' ਵਿੱਚ ਆਦਿ ਨਾਟਕੀ ਗੁਣਾਂ ਦੇ ਨਾਲ-ਨਾਲ ਪ੍ਰਗੀਤਾਤਮਕਤਾ, ਲੈਆਤਮਿਕਤਾ, ਸੁਹਜਾਤਮਿਕਤਾ, ਸੰਗੀਤਾਤਮਿਕਤਾ, ਕਲਪਨਾਤਮਕਤਾ ਆਦਿ ਗੁਣਾਂ ਨੂੰ ਸੁਭਾਵਿਕ ਹੀ ਕਾਵਿ ਨਾਟ-ਰੂਪ ਵਿੱਚ ਤੇ ਸਾਕਾਰ ਕਰਦੀ ਹੈ।

ਡਾ.ਮਨਜੀਤਪਾਲ ਕੌਰ ਤੋਂ ਇਲਾਵਾ ਕਾਵਿ ਨਾਟਕਕਾਰ ਦੇ ਤੌਰ ਤੇ ਡਾ ਕਿਰਪਾਲ ਕੌਰ ਆਪਣੇ ਦੋ ਕਾਵਿ-ਨਾਟਕਾਂ 'ਨਦੀ ਤੇ ਨਾਰੀ' ਅਤੇ 'ਮਾਨਵਤਾ' ਰਾਹੀਂ ਪੰਜਾਬੀ ਵਿੱਚ ਕਾਵਿ-ਨਾਟਕਾਂ ਦੀ ਸਿਰਜਣਾ ਕਰਦੀ ਹੈ। ਇਸੇ ਕੜੀ ਵਿੱਚ ਚੌਥੀ ਪੀੜ੍ਹੀ ਦੀ ਨਵੀਂ ਨਾਟਕਕਾਰ ਪਰਮ ਜਸਪਾਲ ਮਾਨ ਦੇ ਨਾਟ-ਸੰਗ੍ਰਹਿ "ਕਿਵ ਸਚਿਆਰਾ ਹੋਈਐ" ਵਿਚਲਾ ਨਾਟਕ "ਦੁਖੁ ਦਾਰੂ ਸੁਖੁ ਰੋਗੁ"

ਵੀ ਕਾਵਿ-ਨਾਟਕ ਹੈ। ਇਸ ਤਰ੍ਹਾਂ ਪੰਜਾਬੀ ਨਾਰੀ ਨਾਟਕਕਾਰਾਂ ਨੇ ਨਾਟ-ਰੂਪ ਦੀ ਵਿਭਿੰਨਤਾ ਅਧੀਨ ਕਾਵਿ-ਨਾਟਕ ਨੂੰ ਵੀ ਅੰਗੀਕਾਰ ਕੀਤਾ ਹੈ।

5. ਲਘੂ ਨਾਟਕ :-

ਨਾਟਕ ਅਤੇ ਇਕਾਂਗੀ ਦੇ ਸੁਮੇਲ ਵਿੱਚੋਂ ਪੈਦਾ ਹੋਇਆ ਰੂਪ ਲਘੂ ਨਾਟਕ ਹੈ।ਜਿਹੜਾ ਆਕਾਰ ਪੱਖੋਂ ਇਕਾਂਗੀ ਵਰਗਾ ਹੈ ਪੰਰਤੂ ਆਪਣੇ ਕਲਾਵੇ ਵਿੱਚ ਪੂਰੇ ਨਾਟਕ ਦੀਆਂ ਸੰਭਾਵਨਾਵਾਂ ਰੱਖਦਾ ਹੈ। ਮੁੱਢਲੇ ਰੰਗਮੰਚ ਵਿੱਚ ਪੂਰੇ ਨਾਟਕ ਅਤੇ ਇਕਾਂਗੀ ਦੀ ਲਕੀਰੀ ਵੰਡ ਸੀ ਕਿਉਂਕਿ ਪਰਦੇਦੀ ਵਿਵਸਥਾ ਕਰਨ ਇਕ ਅੰਕ ਵਾਲਾ ਇਕਾਂਗੀ ਨਾਟਕ ਹੋ ਸਕਦਾ ਸੀ ਜਾਂ ਬਹੁ ਅੰਕਾਂ ਵਾਲਾ ਪੂਰਾ ਨਾਟਕ ਹੋ ਸਕਦਾ ਸੀ। ਅੱਜਕੱਲ੍ਹ ਰੌਸ਼ਨੀ ਵਿਉਂਤ ਦੀ ਬਦੌਲਤ ਫੇਡ ਇੰਨ ਅਤੇ ਫੇਡ ਆਊਟ ਦੀ ਵਿਧੀ ਰਾਹੀਂ ਇੱਕ ਅੰਕ ਦੀ ਸੀਮਾ ਖ਼ਤਮ ਹੋ ਗਈ ਹੈ ਅਤੇ ਇਕਾਂਗੀ ਵਿੱਚ ਵੀ ਬਹੁਤ ਦ੍ਰਿਸ਼ਾਂ ਦੀਆਂ ਸੰਭਾਵਨਾ ਬਣਨ ਲੱਗ ਪਈਆਂ ਹਨ। ਇਕਾਂਗੀ ਦੇ ਵਿਸਥਾਰਤ ਰੂਪ ਨੂੰ ਲਘੂ ਨਾਟਕ ਕਿਹਾ ਜਾ ਸਕਦਾ ਹੈ। ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦੇ ਨਾਟਕਕਾਰ ਆਤਮਜੀਤ, ਅਜਮੇਰ ਸਿੰਘ ਔਲਖ, ਗੁਰਸ਼ਰਨ ਸਿੰਘ ਰਾਹੀਂ ਲਘੂ ਨਾਟਕ ਹੋਂਦ ਵਿੱਚ ਆਇਆ ਅਤੇ ਚੌਥੀ ਪੀੜ੍ਹੀ ਦੇ ਨਾਟਕ ਸਤੀਸ਼ ਕੁਮਾਰ ਵਰਮਾ, ਪਾਲੀ ਭੁਪਿੰਦਰ ਤੋਂ ਇਲਾਵਾ ਜੇਕਰ ਪੰਜਾਬੀ ਨਾਰੀ ਨਾਟਕਕਾਰਾਂ ਵੱਲ ਝਾਤ ਮਾਰੀਏ ਤਾਂ ਨਾਟਕਕਾਰ ਸੁਪ੍ਰਭਾ ਆਰਿਆ, ਮੋਹਨਜੀਤ ਪੂਨਮ ਨੇ ਲਘੂ ਨਾਟਕ ਦੀ ਸਿਰਜਣਾ ਕੀਤੀਹੈ। ਇਨ੍ਹਾਂ ਤੋਂ ਇਲਾਵਾ ਨਾਟਕਕਾਰ ਸਿਮਰਜੀਤ ਗਿੱਲ ਦੁਆਰਾ ਰਚਿਤ ਨਾਟ-ਸੰਗ੍ਰਹਿ 'ਇੰਤਜ਼ਾਰ ਬਾਕੀ ਹੈ' ਵਿਚਲੇ ਨਾਟਕ ਲਘੂ-ਨਾਟਕਾਂ ਦਾ ਹੀ ਰੂਪ ਰੱਖਦੇ ਹਨ। ਜਿਨ੍ਹਾਂ ਵਿੱਚ ਦ੍ਰਿਸ਼ ਬਦਲੀ ਨਹੀਂ ਸਗੋਂ, ਸੰਪੂਰਨ ਘਟਨਾ ਦਾ ਨਿਭਾਅ ਰੌਸ਼ਨੀ ਨਾਲ ਹੋ ਜਾਂਦਾ ਹੈ। ਇਸੇ ਕੜੀ ਵਿੱਚ ਨਵੇਂ ਪੰਜਾਬੀ ਨਾਰੀ ਨਾਟਕਕਾਰ ਪੂਰੇ ਨਾਟਕ ਤੇ ਇਕਾਂਗੀ ਨਾਟਕ ਨਾਟਕ ਦੀ ਲਕੀਰੀ ਵੰਡ ਤੋਂ ਉੱਪਰ ਉੱਠ ਕੇ ਲਘੂ ਨਾਟਕ ਦੀ ਸਿਰਜਣਾ ਕਰ ਰਹੇ ਹਨ। ਵਿਸ਼ੇਸ਼ ਕਰਕੇ ਉਹ ਨਾਟਕਕਾਰ ਜਿਹੜੇ ਰੰਗਮੰਚ ਨਾਲ ਜੁੜੇ ਹੋਏ ਹਨ। ਜਿਨ੍ਹਾਂ ਦੇ ਪੰਜਾਬੀ ਨਾਰੀ ਨਾਟਕਕਾਰਾਂ ਦੇ ਨਾਟਕ ਮੌਜੂਦਾ ਪੰਜਾਬੀ ਰੰਗਮੰਚ ਰਾਹੀਂ ਪ੍ਰਕਾਸ਼ ਵਿੱਚ ਆ ਰਹੇ ਹਨ। ਉਨ੍ਹਾਂ ਵਿੱਚ ਪਰਮਿੰਦਰ ਕੌਰ ਸਵੈਚ, ਪਰਮ ਜਸਪਾਲ ਮਾਨ, ਤੇਜਿੰਦਰ ਹਰਜੀਤ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ

6. ਟੀ. ਵੀ .ਨਾਟਕ :-

ਟੀ.ਵੀ. ਨਾਟਕ ਤੋਂ ਭਾਵ ਅਜਿਹੇ ਨਾਟ- ਰੂਪ ਤੋਂ ਹੈ, ਜਿਹੜਾ ਰੰਗਮੰਚੀ ਨਾਟਕ ਤੋਂ ਬਿਲਕੁਲ ਵੱਖਰੀ ਵਿਧਾ ਹੈ। ਇਸ ਦਾ ਮੁੱਢਲਾ ਫ਼ਰਕ ਜਾਂ ਵਿਲੱਖਣਤਾ ਤੇ ਰੰਗਮੰਚੀ ਨਾਟਕਾਂ ਨਾਲੋਂ ਇਹ ਹੈ ਕਿ ਇਹ ਨਾਟਕ ਰੰਗਮੰਚ ਦੀ ਥਾਂ ਟੀ.ਵੀ. ਲਈ ਲਿਖਿਆ ਜਾਂਦਾ ਹੈ ਅਤੇ ਇਸ ਦਾ ਸੰਚਾਰ ਟੀ.ਵੀ. ਸਕਰੀਨ ਦੁਆਰਾ ਹੁੰਦਾ ਹੈ। ਇਸ ਲਈ ਟੀ.ਵੀ. ਨਾਟਕ ਦੀ ਸਿਰਜਣ ਪ੍ਰਕਿਰਿਆ ਕੁਝ ਵੱਖਰੀ ਹੈ। ਇਸ ਨਾਟ-ਰੂਪ ਦੀ ਵਿਲੱਖਣਤਾ ਇਹ ਹੈ ਕਿ ਇਹ ਰੰਗਮੰਚ ਦੀ ਸਥਾਨ ਸੀਮਾ ਦਾ ਮੁਹਤਾਜ ਨਾ ਹੋ ਕੇ ਕੈਮਰੇ ਦੇ ਮਾਧਿਅਮ ਰਾਹੀਂ ਸਮੇਂ ਤੇ ਸਥਾਨ ਦੀ ਸੀਮਾ ਤੋਂ ਆਜ਼ਾਦ ਹੁੰਦਾ ਹੈ। ਇਸੇ ਲਈ ਮਨੁੱਖ ਅੰਦਰਲੇ ਦਵੰਦਾਤਮਕ ਸੰਘਰਸ਼ ਦੀ ਪੇਸ਼ਕਾਰੀ ਲਈ ਇਹ ਇੱਕ ਢੁੱਕਵਾਂ ਮਾਧਿਅਮ ਹੈ। ਪੰਜਾਬੀ ਦੇ ਕਈ ਨਾਟਕਕਾਰਾਂ ਨੇ ਅਤੇ ਪੰਜਾਬੀ ਨਾਰੀ ਟੀ.ਵੀ. ਨਾਟਕ ਲਿਖੇ ਹਨ, ਜਿਵੇਂ ਬਲਵੰਤ ਗਾਰਗੀ, ਆਤਮਜੀਤ, ਸਤੀਸ਼ ਕੁਮਾਰ ਵਰਮਾ ਅਤੇ ਪੰਜਾਬੀ ਨਾਰੀ ਨਾਟਕਕਾਰਾਂ ਵਿੱਚੋਂ ਦਵਿੰਦਰ ਸਿੱਧੂ ਨੇ ਵੀ ਟੀ.ਵੀ. ਨਾਟ-ਰੂਪ ਨੂੰ ਅਪਣਾਇਆ ਹੈ। ਇਸ ਪੱਖੋਂ ਉਸ ਦੇ ਵੀ ਟੀ.ਵੀ. ਨਾਟਕ 'ਲੋਰੀ' (2000), 'ਸੁਰਖ਼ਾਬ'(2002), 'ਮੈਂ ਗੂੰਗੀ ਨਹੀਂ' (2004) ਆਦਿ ਜਲੰਧਰ ਦੂਰਦਰਸ਼ਨ ਰਾਹੀਂ ਪ੍ਰਸਾਰਿਤ ਹੋਏ ਹਨ। ਇਸ ਤੋਂ ਇਲਾਵਾ ਨਵਨਿੰਦਰਾ ਬਹਿਲ ਨੇ ਵੀ ਟੀ.ਵੀ. ਨਾਟਕਾਂ ਦੀ ਰਚਨਾ ਕੀਤੀਹੈ। ਕਪੂਰ ਸਿੰਘ ਘੁੰਮਣ ਦੇ ਰੰਗਮੰਚੀ ਨਾਟਕ'ਰਾਣੀ ਕੋਕਲਾਂ''ਤੇ ਆਧਾਰਿਤ ਉਸ ਦਾ ਟੀ.ਵੀ. ਨਾਟਕ 'ਰਾਣੀ ਕੋਕਲਾਂ' ਬਹੁਤ ਪ੍ਰਸਿੱਧ ਹੋਇਆ ਹੈ। ਟੀ.ਵੀ. ਨਾਟਕਕਾਰੀ ਵਿੱਚ ਤੇਜਿੰਦਰ ਹਰਜੀਤ ਨੇ ਵੀ ਜ਼ਿਕਰਯੋਗ ਕੰਮ ਕੀਤਾ ਹੈ।

7. ਨਿੱਕਾ ਨਾਟਕ ਜਾਂ ਨੈਨੋ ਨਾਟਕ:-

ਪਰਵਾਸੀ ਨਾਟਕਕਾਰ ਪਰਮਿੰਦਰ ਕੌਰ ਸਵੈਚ ਦੇ ਨਾਟਕ ਨਿੱਕੇ ਨਾਟਕ ਨਾਟ-ਰੂਪ ਵਜੋਂ ਆਕਾਰ ਗ੍ਰਹਿਣ ਕਰਦੇ ਹਨ। ਉਸ ਦੇ ਨਾਟਕ ਦ੍ਰਿਸ਼ ਵੰਡ ਜਾਂ ਝਾਕੀ ਵੰਡ ਤੋਂ ਬਿਨਾਂ ਇੱਕੋ ਦ੍ਰਿਸ਼ ਵਿੱਚ ਸਿਰਜੇ ਜਾਦੇਂ ਹਨ। ਇਸ ਪੱਖੋਂ 'ਲਕੀਰਾਂ ਦੇ ਪਾਰ, 'ਭਲਾ ਮੈਂ ਕੌਣ','ਪੱਥਰ ਦੇ ਖੰਭ' ਆਦਿ ਨਿੱਕੇ ਨਾਟਕ ਹਨ। ਨਿੱਕੇ ਨਾਟਕ ਤੋਂ ਭਾਵ ਹੈ, ਜਿੱਥੇ ਨਾਟਕਕਾਰ ਨੇ ਇਕ ਦੋ ਪੰਨਿਆਂ ਵਿੱਚ ਹੀ ਝਲਕੀ ਰੂਪ ਵਿੱਚ ਨਾਟਕ ਰਚਿਆ ਹੋਵੇ। ਪੰਜਾਬੀ ਨਾਟਕ ਵਿੱਚ ਇਸ ਤੋਂ ਇਲਾਵਾ ਹੋਰ ਨਾਟ-ਰੂਪ ਜਿਵੇਂ ਰੇਡੀਓ ਨਾਟਕ,ਨ੍ਰਿੱਤ, ਨਾਟਕ, ਨੁੱਕੜ ਨਾਟਕ, ਇੱਕ ਪਾਤਰੀਨਾਟਕ, ਮੂਕ ਨਾਟਕ ਆਦਿਆਪਣਾ ਮਹੱਤਵ ਰੱਖਦੇ ਹਨ। ਲੇਕਿਨ ਇਨ੍ਹਾਂ ਨਾਟ-ਰੁਪਾਂ ਵਿੱਚ ਨਾਰੀ ਨਾਟਕਕਾਰਾਂ ਦੀ ਭੂਮਿਕਾ ਗੌਣ ਹੀ ਰਹੀ ਹੈ ।ਪੰਜਾਬੀ ਨਾਰੀ ਨਾਟਕਕਾਰਾਂ ਨੇ ਵਧੇਰੇ ਕਰਕੇ ਪੂਰਾ ਨਾਟਕ, ਇਕਾਂਗੀ ਨਾਟਕ,ਕਾਵਿ-ਨਾਟਕ, ਲਘੂ ਨਾਟਕ, ਬਾਲ ਨਾਟਕ, ਓਪੇਰਾ ਨਾਟਕ, ਨਿੱਕਾ ਨਾਟਕ ਆਦਿ ਨਾਟ ਰੂਪਾਂ ਨੂੰ ਹੀ ਅਪਣਾਇਆ ਹੈ। ਪੰਜਾਬੀ ਨਾਰੀ ਨਾਟਕਕਾਰਾਂ ਦੁਆਰਾ ਕੁਝ ਨਵੇਂ ਨਾਟ-ਰੂਪਾਂ ਜਿਵੇਂ ਕਾਵਿ-ਨਾਟਕ ਅਤੇ ਓਪੇਰਾ ਨਾਟਕ, ਦੀ ਸਿਰਜਣਾ ਵਿੱਚ ਪਹਿਲ ਕਦਮੀ ਵੀ ਕੀਤੀ ਗਈ ਹੈ ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਨਾਰੀ ਨਾਟਕਕਾਰਾਂ ਨੇ ਨਾਟ-ਵਸਤੂ ਦੀ ਵਿਭਿੰਨਤਾ ਦੇ ਸਮਾਂਤਰ ਨਾਟ-ਰੂਪਾਂ ਦੀ ਚੋਣ ਕਰਨ ਲੱਗਿਆਂ ਵੀ ਨਾਟ-ਰੂਪਾਂ ਦੀ ਵਿਭਿੰਨਤਾ ਨੂੰ ਅਪਣਾਇਆ ਹੈ ।ਹਵਾਲੇ ਅਤੇ

ਟਿੱਪਣੀਆਂ :

01. ਰਾਜਵੰਤ ਕੌਰ ਮਾਨ, ਸਵਾਲੀਆ ਨਿਸ਼ਾਨ, ਬਿਸ਼ਨ ਚੰਦ ਐਂਡ ਸੰਜ਼, ਦਿੱਲੀ,2003

02. ਪਰਮਿੰਦਰ ਕੌਰ ਸਵੈਚ, ਭਲਾ ਮੈਂ ਕੌਣ, ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ, 2009,

03. ਸਤੀਸ਼ ਕੁਮਾਰ ਵਰਮਾ (ਡਾ.) ਤੇ ਨਵਦੀਪ ਕੌਰ (ਡਾ.), ਪੰਜਾਬੀ ਨਾਟਕ ਅਤੇ ਨਾਰੀ ਨਾਟਕਕਾਰ, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2016,

04.ਕਰਨੈਲ ਸਿੰਘ ਥਿੰਦ (ਡਾ.),ਪਾਕਿਸਤਾਨੀ ਪੰਜਾਬੀ ਸਾਹਿਤ ਦਾ ਸੰਖੇਪ ਜਾਇਜ਼ਾ,ਪਬਲੀਕੇਸ਼ਨ ਬਿਓਰੋ, ਪਟਿਆਲਾ, 2010

05. ਨਵਦੀਪ ਕੌਰ (ਡਾ.), ਪੰਜਾਬੀ ਇਸਤਰੀ ਨਾਟਕਕਾਰਾਂ ਦੇ ਨਾਟਕ: ਸਰੂਪ ਤੇ ਸੰਚਾਰ,ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ, 2018,